Leicestershire Partnership
NHS Trust

**ਇੱਕ ਯੂਨੀਵਰਸਿਟੀ ਅਧਿਆਪਨ ਅਤੇ ਖੋਜ-ਸਰਗਰਮ ਟਰੱਸਟ**
Bridge Park Plaza
Bridge Park Road
Thurmaston
Leicester
LE4 8PQ
www.leicspart.nhs.uk

ਟੈਲੀਫੋਨ: 0300 3000 007
ਈਮੇਲ: lpt.sais@nhs.net

ਸਤੰਬਰ-ਦਸੰਬਰ 2023

ਪਿਆਰੇ ਮਾਤਾ/ਪਿਤਾ/ਦੇਖਭਾਲਕਰਤਾ (ਅਤੇ ਕਿਸ਼ੋਰ),

**ਸਲਾਨਾ ਮੌਸਮੀ ਫਲੂ ਵੈਕਸੀਨੇਸ਼ਨ ਦਾ ਸਮਾਂ ਆ ਗਿਆ ਹੈ**

ਰਿਸੈਪਸ਼ਨ ਤੋਂ ਲੈ ਕੇ ਸਾਲ 11 ਦੇ ਸਾਰੇ ਬੱਚਿਆਂ ਨੂੰ ਰਾਸ਼ਟਰੀ ਵੈਕਸੀਨੇਸ਼ਨ ਪ੍ਰੋਗਰਾਮ ਦੇ ਹਿੱਸੇ ਵਜੋਂ ਸਕੂਲ ਵਿੱਚ ਫਲੂ ਵੈਕਸੀਨੇਸ਼ਨ ਦੀ ਪੇਸ਼ਕਸ਼ ਕੀਤੀ ਜਾ ਰਹੀ ਹੈ। ਫਲੂ ਇੱਕ ਨਾਗਵਾਰ ਬਿਮਾਰੀ ਹੋ ਸਕਦੀ ਹੈ ਅਤੇ ਕੁਝ ਲੋਕਾਂ ਨੂੰ ਗੰਭੀਰ ਰੂਪ ਵਿੱਚ ਬਿਮਾਰ ਕਰ ਸਕਦੀ ਹੈ। ਵੈਕਸ਼ੀਨ ਮੁਫ਼ਤ, ਸੁਰੱਖਿਅਤ ਅਤੇ ਪ੍ਰਭਾਵੀ ਹੈ। ਇਹ ਮੌਸਮੀ ਫਲੂ ਅਤੇ ਬ੍ਰੌਂਨਕਾਈਟਸ, ਕੰਨ ਦੀ ਲਾਗ ਅਤੇ ਨਮੂਨੀਆ ਵਰਗੀਆਂ ਗੰਭੀਰ ਜਟਿਲਤਾਵਾਂ ਤੋਂ ਬਚਾਉਂਦੀ ਹੈ – ਫਲੂ ਨੂੰ ਫੈਲਣ ਤੋਂ ਰੋਕਣ ਅਤੇ ਕਮਜ਼ੋਰ ਦੂਜੇ ਲੋਕਾਂ ਦੀ ਰੱਖਿਆ ਕਰਨ ਵਿੱਚ ਵੀ ਮਦਦ ਕਰੇਗੀ। ਦੋ ਵੱਖ-ਵੱਖ ਕਿਸਮਾਂ ਦੀਆਂ ਵੈਕਸੀਨਾਂ ਉਪਲਬਧ ਹਨ:

### ਨੱਕ ਵਿੱਚ ਸਪ੍ਰੇਅ ਵਾਲੀ ਫਲੂ ਵੈਕਸੀਨ

ਫਲੂ ਤੋਂ ਸਭ ਤੋਂ ਵਧੀਆ ਸੁਰੱਖਿਆ ਪ੍ਰਦਾਨ ਕਰਦੀ ਹੈ। ਇਹ ਹਰੇਕ ਨਾਸ ਵਿੱਚ ਛਿੜਕਾਏ ਜਾਣ ਵਾਲੇ ਇੱਕ ਸਪ੍ਰੇਅ ਦੇ ਰੂਪ ਵਿੱਚ ਦਿੱਤਾ ਜਾਂਦਾ ਹੈ। ਇਹ ਤੇਜ਼ ਅਤੇ ਦਰਦ ਰਹਿਤ ਹੈ।
ਕੁਝ ਬੱਚਿਆਂ ਲਈ ਨੱਕ ਵਿੱਚ ਸਪ੍ਰੇਅ ਡਾਕਟਰੀ ਕਾਰਨਾਂ ਕਰਕੇ ਠੀਕ ਨਹੀਂ ਹੁੰਦਾ ਹੈ। ਸਾਡੀ ਟੀਮ ਫਲੂ ਵੈਕਸੀਨ ਦੇ ਟੀਕੇ ਦੀ ਪੇਸ਼ਕਸ਼ ਕਰਨ ਤੋਂ ਪਹਿਲਾਂ ਜਮ੍ਹਾਂ ਕੀਤੀ ਡਾਕਟਰੀ ਜਾਣਕਾਰੀ ਦੀ ਸਮੀਖਿਆ ਕਰੇਗੀ।
ਨੱਕ ਵਾਲੀ ਵੈਕਸੀਨ ਵਿੱਚ ਪੋਰਸੀਨ ਜਿਲੇਟਿਨ ਦੇ ਬਹੁਤ ਹੀ ਜ਼ਿਆਦਾ ਪ੍ਰੋਸੈਸ ਕੀਤੇ ਰੂਪ ਦੀ ਬਹੁਤ ਹੀ ਥੋੜ੍ਹੀ ਜਿਹੀ ਮਾਤਰਾ ਹੁੰਦੀ ਹੈ।

### ਫਲੂ ਵੈਕਸੀਨ ਦਾ ਟੀਕਾ

ਟੀਕਾ ਬਾਂਹ ਦੇ ਉਪਰਲੇ ਹਿੱਸੇ ਵਿੱਚ ਮਾਸਪੇਸ਼ੀ ਵਿੱਚ ਦਿੱਤਾ ਜਾਂਦਾ ਹੈ, ਜਿਸ ਨਾਲ ਦਰਦ ਹੋ ਸਕਦਾ ਹੈ।
ਜੇ ਡਾਕਟਰੀ ਕਾਰਨਾਂ ਕਰਕੇ ਨੱਕ ਵਾਲਾ ਸਪ੍ਰੇਅ ਸਹੀ ਨਹੀਂ ਹੈ ਤਾਂ ਇਹ ਵੈਕਸੀਨ ਵਿਕਲਪ ਵਜੋਂ ਪੇਸ਼ ਕੀਤੀ ਜਾਂਦੀ ਹੈ।
ਇਸ ਵੈਕਸੀਨ ਵਿੱਚ ਪੋਰਸੀਨ ਜਿਲੇਟਿਨ ਨਹੀਂ ਹੁੰਦਾ ਹੈ।

## ਸਹਿਮਤੀ ਪ੍ਰਕਿਰਿਆ ਬਾਰੇ ਮਹੱਤਵਪੂਰਨ ਤਬਦੀਲੀਆਂ: ਕਿਸ਼ੋਰ ਹੁਣ ਵੈਕਸੀਨ ਲਈ ਸਹਿਮਤੀ ਦੇ ਸਕਦਾ ਹੈ।

ਜੇ ਸਾਨੂੰ ਵੈਕਸੀਨ ਦੇਣ ਲਈ ਮਾਤਾ-ਪਿਤਾ ਜਾਂ ਦੇਖਭਾਲ ਕਰਨ ਵਾਲੇ ਦੀ ਸਹਿਮਤੀ ਨਹੀਂ ਮਿਲਦੀ ਹੈ, ਤਾਂ ਹੇਠਾਂ ਦਿੱਤੀ ਪ੍ਰਕਿਰਿਆ ਦੀ ਵਰਤੋਂ ਕਰਦੇ ਹੋਏ, ਅਸੀਂ ਉਸ ਦਿਨ ਕਿਸ਼ੋਰ ਨੂੰ ਵੈਕਸੀਨੇਸ਼ਨ ਵਾਸਤੇ ਸਵੈ-ਸਹਿਮਤੀ ਦੇਣ ਦੀ ਇਜਾਜ਼ਤ ਦੇ ਸਕਦੇ ਹਾਂ। ਅਸੀਂ ਇਹ ਮੌਕਾ ਸਿਰਫ ਸਾਲ 8 ਅਤੇ ਇਸ ਤੋਂ ਵੱਧ ਉਮਰ ਦੇ ਕਿਸ਼ੋਰਾਂ ਨੂੰ ਹੀ ਦੇਵਾਂਗੇ, ਜਿਨ੍ਹਾਂ ਨੇ ਵੈਕਸੀਨੇਸ਼ਨ ਬਾਰੇ ਢੁਕਵੀਂ ਜਾਣਕਾਰੀ ਪੜ੍ਹ ਲਈ ਹੈ ਅਤੇ ਜਿਨ੍ਹਾਂ ਦਾ ਇਸ ਗੱਲ ਨੂੰ ਪੂਰੀ ਤਰ੍ਹਾਂ ਸਮਝਣ ਲਈ ਕਿ ਇਸ ਵਿੱਚ ਕੀ ਸ਼ਾਮਲ ਹੈ, ਇੱਕ ਸਿਹਤ ਪੇਸ਼ੇਵਰ ਦੁਆਰਾ ਇਸ ਬਾਰੇ ਲੋੜੀਂਦੀ ਸਮਝ ਅਤੇ ਸਮਰੱਥਾ ਹੋਣ ਦਾ ਮੁਲਾਂਕਣ ਕੀਤਾ ਗਿਆ ਹੈ। ਸਿਰਫ ਉਹਨਾਂ ਨੂੰ ਹੀ ਇਹ ਟੀਕਾਕਰਨ ਦਿੱਤਾ ਜਾਵੇਗਾ ਜੋ ਇਸ ਨੂੰ ਪ੍ਰਾਪਤ ਕਰਨ ਵਿੱਚ ਸਪਸ਼ਟ ਤੌਰ 'ਤੇ ਆਰਾਮਦੇਹ ਹਨ।

ਜੇਕਰ ਮਾਤਾ-ਪਿਤਾ ਜਾਂ ਦੇਖਭਾਲ ਕਰਨ ਵਾਲਿਆਂ ਨੇ ਜਵਾਬ ਦਿੱਤਾ ਹੈ ਅਤੇ ਸਹਿਮਤੀ ਦੇਣ ਤੋਂ ਇਨਕਾਰ ਕਰ ਦਿੱਤਾ ਹੈ, ਤਾਂ ਕਿਸ਼ੋਰ ਦੁਆਰਾ ਇਸ ਫੈਸਲੇ ਨੂੰ ਬਦਲਿਆ ਨਹੀਂ ਕੀਤਾ ਜਾ ਸਕਦਾ ਹੈ ਅਤੇ ਇਸ ਲਈ, ਅਸੀਂ ਵੈਕਸੀਨ ਨਹੀਂ ਦੇਵਾਂਗੇ। ਹੋਰ ਜਾਣਕਾਰੀ ਇਸ ਵੈਬਸਾਈਟ 'ਤੇ ਮਿਲ ਸਕਦੀ ਹੈ: www.leicspart.nhs.uk/service/schoolagedimms



disability confident EMPLOYER

## ਆਪਣੇ ਬੱਚੇ ਨੂੰ ਫਲੂ ਵੈਕਸੀਨੇਸ਼ਨ ਲੈਣ ਲਈ ਸਹਿਮਤੀ ਕਿਵੇਂ ਦੇਣੀ ਹੈ

- ਆਪਣੇ ਸਕੂਲ ਲਈ ਕੋਡ ਨੂੰ ਨੋਟ ਕਰੋ। **Winstanley School** ਲਈ ਸਕੂਲ ਕੋਡ **LE143844** ਹੈ ਅਤੇ www.leicsandrutlandimms.co.uk 'ਤੇ ਜਾਓ ਜਾਂ ਸਿੱਧਾ ਵੈੱਬਸਾਈਟ 'ਤੇ ਜਾਣ ਲਈ ਆਪਣੇ ਸਮਾਰਟਫੋਨ ਕੈਮਰੇ ਦੀ ਵਰਤੋਂ ਕਰਕੇ QR ਕੋਡ ਨੂੰ ਸਕੈਨ ਕਰੋ।
- **Seasonal Flu** ਚੁਣੋ ਅਤੇ ਸਕੂਲ ਕੋਡ ਦਾਖਲ ਕਰੋ। ਸਹਿਮਤੀ ਘੋਸ਼ਣਾ ਪੰਨੇ 'ਤੇ ਤੁਸੀਂ ਨੱਕ ਵਾਲੀ ਫਲੂ ਵੈਕਸੀਨ **ਜਾਂ** ਟੀਕੇ ਵਾਲੀ ਫਲੂ ਵੈਕਸੀਨ ਲਈ ਸਹਿਮਤੀ ਦੇ ਸਕਦੇ ਹੋ।
- ਫਾਰਮ ਜਮ੍ਹਾ ਕਰਨ 'ਤੇ ਤੁਹਾਨੂੰ ਇੱਕ ਪੁਸ਼ਟੀਕਰਨ ਈਮੇਲ ਪ੍ਰਾਪਤ ਹੋਵੇਗੀ।

ਵਧੇਰੇ ਜਾਣਕਾਰੀ ਲੈਣ ਲਈ, ਇਸ ਵੈੱਬਸਾਈਟ 'ਤੇ ਜਾਓ: tiny.cc/fluvaccinationsecondary

ਹਮੇਸ਼ਾ ਵਾਂਗ, ਅਸੀਂ ਕਿਸ਼ੋਰਾਂ ਅਤੇ ਉਹਨਾਂ ਦੇ ਮਾਪਿਆਂ ਅਤੇ ਦੇਖਭਾਲ ਕਰਨ ਵਾਲਿਆਂ ਨੂੰ ਪੇਸ਼ ਕੀਤੀ ਜਾ ਰਹੀ ਵੈਕਸੀਨ ਬਾਰੇ ਗੱਲਬਾਤ ਕਰਨ ਅਤੇ ਇਕੱਠੇ ਮਿਲ ਕੇ ਫਾਰਮ ਭਰਨ ਲਈ ਉਤਸ਼ਾਹਿਤ ਕਰਦੇ ਹਾਂ।

ਜੇ ਤੁਸੀਂ ਔਨਲਾਈਨ ਫਾਰਮ ਨਹੀਂ ਭਰ ਸਕਦੇ ਹੋ, ਤਾਂ ਕਿਰਪਾ ਕਰਕੇ ਸਾਨੂੰ **0300 300 0007** 'ਤੇ ਕਾਲ ਕਰੋ ਜਾਂ ਆਪਣੇ ਸੰਪਰਕ ਵੇਰਵਿਆਂ ਦੇ ਨਾਲ lpt.sais@nhs.net 'ਤੇ ਈ-ਮੇਲ ਕਰੋ। ਜੇਕਰ ਤੁਸੀਂ ਆਪਣੀ ਸਹਿਮਤੀ ਦੇ ਫੈਸਲੇ ਬਾਰੇ ਆਪਣਾ ਮਨ ਬਦਲਦੇ ਹੋ ਤਾਂ ਕਿਰਪਾ ਕਰਕੇ ਇਸਨੂੰ ਬਦਲਣ ਲਈ ਉੱਪਰ ਦਿੱਤੇ ਨੰਬਰ 'ਤੇ ਸਾਨੂੰ ਕਾਲ ਕਰੋ।

ਤੁਹਾਡਾ ਸਕੂਲ ਤੁਹਾਨੂੰ ਦੱਸੇਗਾ ਕਿ ਵੈਕਸੀਨੇਸ਼ਨ ਸੈਸ਼ਨ ਕਦੋਂ ਹੋਵੇਗਾ। **ਸਹਿਮਤੀ ਪ੍ਰਣਾਲੀ ਵੈਕਸੀਨੇਸ਼ਨ ਸੈਸ਼ਨ ਤੋਂ two working days ਪਹਿਲਾਂ ਬੰਦ ਹੋ ਜਾਵੇਗੀ।** ਤੁਸੀਂ ਉਸ ਦਿਨ ਸਹਿਮਤੀ ਫਾਰਮ ਜਮ੍ਹਾਂ ਨਹੀਂ ਕਰ ਸਕੋਗੇ।

ਤਹਿ ਦਿਲੋਂ,

ਸਕੂਲੀ ਉਮਰ ਲਈ ਟੀਕਾਕਰਨ ਸੇਵਾ



disability confident EMPLOYER

## ਫਲੂ ਵੈਕਸੀਨ ਬਾਰੇ ਅਕਸਰ ਪੁੱਛੇ ਜਾਂਦੇ ਸਵਾਲ


| | |
|---|---|
| ਮੇਰੇ ਬੱਚੇ / ਕਿਸ਼ੋਰ ਦੀ ਸਿਹਤ ਸੰਬੰਧੀ ਸਮੱਸਿਆ ਹੈ ਅਤੇ ਆਮ ਤੌਰ 'ਤੇ ਜੀਪੀ ਤੋਂ ਵੈਕਸੀਨ ਲੈਂਦਾ/ਲੈਂਦੀ ਹੈ। | ਉਹ ਸਕੂਲ ਵਿੱਚ ਵੀ ਵੈਕਸੀਨ ਲੈ ਸਕਦੇ ਹਨ। |
| ਮਾੜੇ ਪ੍ਰਭਾਵ ਕੀ ਹਨ? | ਕਿਸ਼ੋਰਾਂ ਵਿੱਚ ਸ਼ਾਇਦ ਨੱਕ ਵਗਣਾ ਜਾਂ ਬੰਦ ਹੋਣਾ, ਸਿਰ ਦਰਦ, ਆਮ ਥਕਾਵਟ ਅਤੇ ਕੁਝ ਭੁੱਖ ਦੀ ਕਮੀ ਵਿਕਸਿਤ ਹੋ ਸਕਦੀ ਹੈ। ਇਹ ਲੱਛਣ ਫਲੂ ਜਾਂ ਫਲੂ ਨਾਲ ਜੁੜੀਆਂ ਪੇਚੀਦਗੀਆਂ ਦੇ ਵਿਕਸਿਤ ਹੋਣ ਨਾਲੋਂ ਬਹੁਤ ਹਲਕੇ ਹਨ। ਇਸ ਦੇ ਗੰਭੀਰ ਮਾੜੇ-ਪ੍ਰਭਾਵ ਆਮ ਨਹੀਂ ਹੁੰਦੇ ਹਨ। |
| ਹਰ ਸਾਲ ਫਲੂ ਦਾ ਨਵਾਂ ਟੀਕਾ ਕਿਉਂ ਲਗਾਇਆ ਜਾਂਦਾ ਹੈ? | ਫਲੂ ਵਾਇਰਸ ਹਰ ਸਾਲ ਬਦਲਦੇ ਹਨ, ਇਸ ਲਈ ਨਵੀਨਤਮ ਕਿਸਮ ਤੋਂ ਰੱਖਿਆ ਕਰਨ ਲਈ ਫਲੂ ਵੇਕਸੀਨਾਂ ਅੱਪਡੇਟ ਕੀਤੀਆਂ ਜਾਂਦੀਆਂ ਹਨ। |
| ਮੈਂ ਵੈਕਸੀਨ ਉਤਪਾਦ ਬਾਰੇ ਪਰਚਾ ਕਿੱਥੇ ਪੜ੍ਹ ਸਕਦਾ/ਸਕਦੀ ਹਾਂ? | ਨੱਕ ਵਾਲੀ ਫਲੂ ਵੈਕਸੀਨ ਲਈ, ਇਸ ਵੈੱਬਸਾਈਟ 'ਤੇ ਜਾਓ: www.medicines.org.uk/emc/files/pil.3296.pdf<br>ਟੀਕੇ ਵਾਲੀ ਫਲੂ ਵੈਕਸੀਨ ਲਈ, ਇਸ ਵੈੱਬਸਾਈਟ 'ਤੇ ਜਾਓ: www.medicines.org.uk/emc/files/pil.12882.pdf |
| ਮੈਂ (ਆਪਣੇ ਬੱਚੇ) ਨੂੰ ਵੈਕਸੀਨੇਸ਼ਨ ਲਈ ਕਿਵੇਂ ਤਿਆਰ ਕਰ ਸਕਦਾ/ਸਕਦੀ ਹਾਂ? | ਸਾਡਾ ਐਨੀਮੇਸ਼ਨ ਦੇਖੋ: www.healthforteens.co.uk/health/flu/flu-just-the-facts |
| ਮੇਰੇ ਬੱਚਾ / ਕਿਸ਼ੋਰ ਸੂਈਆਂ ਤੋਂ ਡਰਦਾ ਹੈ, ਕੀ ਕੋਈ ਸਹਾਇਤਾ ਉਪਲਬਧ ਹੈ? | ਤੁਸੀਂ ਇਸ ਜਾਣਕਾਰੀ ਨੂੰ ਆਪਣੇ ਸਹਿਮਤੀ ਫਾਰਮ ਵਿੱਚ ਸ਼ਾਮਲ ਕਰ ਸਕਦੇ ਹੋ ਅਤੇ ਸਾਡੀ ਟੀਮ ਸਹਾਇਤਾ ਕਰਨ ਲਈ ਬਿਹਤਰੀਨ ਕੋਸ਼ਿਸ਼ ਕਰੇਗੀ।<br>ਨਾਲ ਹੀ, ਇਹ ਵੀਡੀਓ ਕਿਸ਼ੋਰਾਂ ਨੂੰ ਉਨ੍ਹਾਂ ਦੇ ਵੈਕਸੀਨੇਸ਼ਨ ਅਨੁਭਵ ਬਾਰੇ ਭਰੋਸਾ ਦਿਵਾਉਣ ਵਿੱਚ ਮਦਦ ਕਰ ਸਕਦਾ ਹੈ, ਇਸ ਵੈੱਬਸਾਈਟ 'ਤੇ ਜਾਓ: http://tiny.cc/reassurance |
| ਇਹ ਕਹਿੰਦਾ ਹੈ ਕਿ ਈਮੇਲ ਪਤੇ ਮੇਲ ਨਹੀਂ ਖਾਂਦੇ ਜਾਂ ਇਹ ਸਕੂਲ ਕੋਡ ਨੂੰ ਨਹੀਂ ਪਛਾਣਦਾ। | ਯਕੀਨੀ ਬਣਾਓ ਕਿ ਈਮੇਲ ਪਤੇ ਅਤੇ ਸਕੂਲ ਕੋਡ ਤੋਂ ਪਹਿਲਾਂ ਜਾਂ ਬਾਅਦ ਵਿੱਚ ਕੋਈ ਖਾਲੀ ਥਾਂ ਜਾਂ ਵਿਰਾਮ ਚਿੰਨ੍ਹ ਨਹੀਂ ਹਨ। |
| ਜੇ ਮੇਰਾ ਬੱਚਾ / ਕਿਸ਼ੋਰ ਸੈਸ਼ਨ ਵਾਲੇ ਦਿਨ ਗੈਰਹਾਜ਼ਰ ਜਾਂ ਬਿਮਾਰ ਹੋਵੇ ਤਾਂ ਕੀ ਹੋਵੇਗਾ? | ਵੈਕਸੀਨ ਲੈਣ ਲਈ ਕਿਸੇ ਵਾਧੂ ਮੌਕੇ ਦੇ ਵੇਰਵੇ ਈਮੇਲ ਰਾਹੀਂ ਭੇਜੇ ਜਾਣਗੇ। |
| ਰਾਸ਼ਟਰੀ ਵੈਕਸੀਨੇਸ਼ਨ ਪ੍ਰੋਗਰਾਮ ਕੀ ਹੈ? | ਹੋਰ ਜਾਣਕਾਰੀ ਲਈ www.nhs.uk/conditions/vaccinations 'ਤੇ ਜਾਓ। |

**ਜੇ ਤੁਸੀਂ ਇਹ ਜਾਣਕਾਰੀ ਕਿਸੇ ਹੋਰ ਭਾਸ਼ਾ ਵਿੱਚ ਚਾਹੁੰਦੇ ਹੋ, ਤਾਂ ਇਸ ਵੈੱਬਸਾਈਟ 'ਤੇ ਜਾਓ:**
**www.leicspart.nhs.uk/service/schoolagedimms**

| | |
|---|---|
| ਅਰਬੀ | ذا كنت ترغب في قراءة هذه الرسالة بلغة أخرى، قم بزيارة موقعنا على الإنترنت |
| ਗੁਜਰਾਤੀ | જો તમે આ પત્ર ગુજરાતીમાં વાંચવા માંગતા હો તો અમારી વેબસાઇટ પર જાઓ |
| ਪੋਲਿਸ਼ | Jeśli chcesz przeczytać ten list w innym języku, przejdź na naszą stronę. |
| ਪੰਜਾਬੀ | ਜੇ ਤੁਸੀਂ ਇਸ ਪੱਤਰ ਨੂੰ ਕਿਸੇ ਹੋਰ ਭਾਸ਼ਾ ਵਿੱਚ ਪੜ੍ਹਨਾ ਚਾਹੁੰਦੇ ਹੋ ਤਾਂ ਸਾਡੀ ਵੈੱਬਸਾਈਟ 'ਤੇ ਜਾਓ |
| ਸੋਮਾਲੀ | Haddii aad jeclaan lahayd inaad ku akhrido warqadan luuqad kale, booqo boggayaga internetka |
| ਉਰਦੂ | اگر آپ اردو میں یہ خط پڑھنا چاہتے ہیں تو ہماری ویب سائٹ پر جائیں۔ |
| ਯੂਕ੍ਰੇਨਿਆਈ | Якщо ви хочете отримати цю інформацію іншою мовою, перейдіть за посиланням |


**You can watch a video in these languages:**

**Arabic**




https://youtu.be/xy3TNS1rB1I

**Gujarati**




https://youtu.be/TOUXxv2QcmY

**Polish**



https://youtu.be/VIYZwlmuHV0

**Hindi**




https://youtu.be/QFfqx2QwkjA

**Farsi**



https://youtu.be/8HHIiNhYaJQ

**Spanish**



https://youtu.be/paIBzCDQQKw

**More languages will continue to be added.**

**ਜੇ ਤੁਸੀਂ flu ਟੀਕਾਕਰਨ ਪਰਚਾ ਕਿਸੇ ਹੋਰ ਭਾਸ਼ਾ ਵਿੱਚ ਪੜ੍ਹਨਾ ਚਾਹੁੰਦੇ ਹੋ, ਤਾਂ ਇਸ ਵੈੱਬਸਾਈਟ 'ਤੇ ਜਾਓ:**
**www.gov.uk/government/publications/flu-vaccination-leaflets-and-posters**

ਅੰਗਰੇਜ਼ੀ, ਅਲਬਾਨੀਆਈ, ਅਰਬੀ, ਬੰਗਾਲੀ, ਬੁਲਗਾਰੀਆਈ, ਚੀਨੀ (ਸਰਲੀਕ੍ਰਿਤ), ਚੀਨੀ (ਰਵਾਇਤੀ, ਕੈਂਟੋਨੀਜ਼), ਇਸਟੋਨੀਆਈ, ਫਾਰਸੀ, ਫ੍ਰੈਂਚ, ਯੂਨਾਨੀ, ਗੁਜਰਾਤੀ, ਹਿੰਦੀ, ਇਤਾਲਵੀ, ਲਾਤਵੀਆਈ, ਲਿਥੁਆਨੀਆਈ, ਪੰਜਾਬੀ, ਪਸ਼ਤੋ, ਪੋਲਿਸ਼, ਪੁਰਤਗਾਲੀ, ਰੋਮਾਨੀਆਈ, ਰੋਮਾਨੀ, ਰੂਸੀ, ਸੋਮਾਲੀ, ਸਪੈਨਿਸ਼, ਤਾਗਾਲੋਗ, ਤਿਗਰਿਨੀਆ, ਤੁਰਕਿਸ਼, ਟਵੀ, ਯੂਕ੍ਰੇਨਿਆਈ, ਉਰਦੂ, ਯਿੱਦਿਸ਼ਅਤੇਯੋਰੂਬਾ।
ਆਰਡਰ ਕਰਨ 'ਤੇ ਇਸ ਪਰਚੇ ਦਾ ਬ੍ਰੇਲ ਸੰਸਕਰਣ ਉਪਲਬਧ ਹੈ।
ਇੱਕ ਆਡੀਓ ਸੰਸਕਰਣ ਡਾਊਨਲੋਡ ਕਰਨ ਲਈ ਉਪਲਬਧ ਹੈ।
ਇਸ ਪਰਚੇ ਦਾ ਬ੍ਰਿਟਿਸ਼ ਸੰਕੇਤ ਭਾਸ਼ਾ ਵਿੱਚ ਵੀਡੀਓ ਡਾਊਨਲੋਡ ਕਰਨ ਲਈ ਉਪਲਬਧ ਹੈ।